# ਵਿਕਟਿਮ ਇਮਪੈਕਟ ਸਟੇਟਮੈਂਟ ਅਤੇ ਸਟੇਟਮੈਂਟ ਔਨ ਰੈਸਟੀਚਿਊਸ਼ਨ:
## ਜਾਣਕਾਰੀ ਦੇਣ ਲਈ ਗਾਈਡ

British Columbia Ministry of Justice

### ਵਿਕਟਿਮ ਇਮਪੈਕਟ ਸਟੇਟਮੈਂਟ ਕੀ ਹੈ?

ਵਿਕਟਿਮ ਇਮਪੈਕਟ ਸਟੇਟਮੈਂਟ (ਪੀੜਤ 'ਤੇ ਅਸਰ ਦਾ ਬਿਆਨ) ਇਹ ਲਿਖਤੀ ਵਰਣਨ ਹੁੰਦਾ ਹੈ ਕਿ ਜੁਰਮ ਨੇ ਪੀੜਤ 'ਤੇ ਕਿਵੇਂ ਅਸਰ ਪਾਇਆ ਹੈ। ਵਿਕਟਿਮ ਇਮਪੈਕਟ ਸਟੇਟਮੈਂਟ ਵਿਚ ਜੁਰਮ ਦਾ ਵਰਣਨ ਨਹੀਂ ਹੁੰਦਾ ਜਾਂ ਇਹ ਵਰਣਨ ਨਹੀਂ ਹੁੰਦਾ ਕਿ ਜੁਰਮ ਕਿਵੇਂ ਵਾਪਰਿਆ। ਉਹ ਜਾਣਕਾਰੀ ਪੁਲੀਸ ਨੂੰ ਤੁਹਾਡੇ ਵਲੋਂ ਦਿੱਤੀ ਜਾਣ ਵਾਲੀ ਵਿਟਨੈੱਸ ਸਟੇਟਮੈਂਟ (ਗਵਾਹੀ ਦੇ ਬਿਆਨ) ਵਿਚ ਸ਼ਾਮਲ ਹੋਣੀ ਚਾਹੀਦੀ ਹੈ। ਜੇ ਕਥਿਤ ਦੋਸ਼ੀ ਨੂੰ ਗੁਨਾਹਗਾਰ ਮੰਨਿਆ ਜਾਂਦਾ ਹੈ ਜਾਂ ਉਹ ਆਪਣਾ ਜੁਰਮ ਮੰਨ ਲੈਂਦਾ ਹੈ ਤਾਂ ਵਿਕਟਿਮ ਇਮਪੈਕਟ ਸਟੇਟਮੈਂਟ ਦੀ ਵਰਤੋਂ ਸਜ਼ਾ ਦੇਣ ਲਈ ਕੀਤੀ ਜਾਂਦੀ ਹੈ।

ਜੁਰਮ ਸਰੀਰਕ ਜਾਂ ਜਜ਼ਬਾਤੀ ਨੁਕਸਾਨ, ਜਾਇਦਾਦ ਦੇ ਨੁਕਸਾਨ ਜਾਂ ਆਰਥਿਕ ਘਾਟੇ ਦਾ ਕਾਰਨ ਬਣ ਸਕਦਾ ਹੈ। ਪੀੜਤ ਨੂੰ ਕੀਤੇ ਗਏ ਨੁਕਸਾਨ ਦਾ ਪੱਧਰ ਇਕ ਪੱਖ ਹੈ ਜਿਸ ਦੀ ਵਰਤੋਂ ਜੱਜ ਇਹ ਪਤਾ ਲਾਉਣ ਲਈ ਕਰ ਸਕਦਾ ਹੈ ਕਿ ਢੁਕਵੀਂ ਸਜ਼ਾ ਦਾ ਫੈਸਲਾ ਕਰਨ ਦੇ ਮੰਤਵ ਲਈ ਜੁਰਮ ਕਿੰਨਾ ਕੁ ਗੰਭੀਰ ਹੈ।

ਵਿਕਟਿਮ ਇਮਪੈਕਟ ਸਟੇਟਮੈਂਟ, ਕ੍ਰਿਮੀਨਲ ਕੋਡ (ਫਾਰਮ 34.2) ਵਿਚ ਦਿੱਤੇ ਗਏ ਫਾਰਮ ਦੀ ਵਰਤੋਂ ਕਰਦੇ ਹੋਏ ਲਿਖਤੀ ਰੂਪ ਵਿਚ ਤਿਆਰ ਕੀਤੀ ਜਾਣੀ ਜ਼ਰੂਰੀ ਹੈ। ਇਹ ਫਾਰਮ ਮਨਿਸਟਰੀ ਔਫ ਜਸਟਿਸ ਦੇ ਇੰਟਰਨੈੱਟ (www.ag.gov.bc.ca/prosecution-service/info-sheets/victim_impact_statements.htm) 'ਤੇ ਉਪਲਬਧ ਹੈ ਅਤੇ ਕਈ ਜ਼ਬਾਨਾਂ ਵਿਚ ਮਿਲਦਾ ਹੈ।

### ਵਿਕਟਿਮ ਇਮਪੈਕਟ ਸਟੇਟਮੈਂਟ ਕੌਣ ਦੇ ਸਕਦਾ ਹੈ?

ਜੇ ਕਿਸੇ ਜੁਰਮ ਕਰਕੇ ਤੁਹਾਡਾ ਸਰੀਰਕ ਜਾਂ ਜਜ਼ਬਾਤੀ ਨੁਕਸਾਨ, ਜਾਇਦਾਦ ਦਾ ਨੁਕਸਾਨ ਹੋਇਆ ਹੈ ਜਾਂ ਆਰਥਿਕ ਘਾਟਾ ਪਿਆ ਹੈ ਤਾਂ ਤੁਸੀਂ ਵਿਕਟਿਮ ਇਮਪੈਕਟ ਸਟੇਟਮੈਂਟ ਭਰ ਸਕਦੇ ਹੋ।

ਜੇ ਤੁਸੀਂ ਵਿਕਟਿਮ ਇਮਪੈਕਟ ਸਟੇਟਮੈਂਟ ਭਰਨ ਦੇ ਯੋਗ ਨਾ ਹੋਵੋ ਤਾਂ ਕੋਈ ਹੋਰ, ਆਮ ਤੌਰ 'ਤੇ ਪਰਿਵਾਰ ਦਾ ਕੋਈ ਮੈਂਬਰ, ਤੁਹਾਡੀ ਤਰਫੋਂ ਸਟੇਟਮੈਂਟ ਭਰ ਸਕਦਾ ਹੈ। ਜਿਸ ਕਾਰਨ ਕਰਕੇ ਪੀੜਤ ਸਟੇਟਮੈਂਟ ਨਾ ਭਰ ਸਕਦਾ ਹੋਵੇ ਉਸ ਬਾਰੇ ਦੱਸਿਆ ਜਾਣਾ ਜ਼ਰੂਰੀ ਹੈ ਅਤੇ ਸਟੇਟਮੈਂਟ ਭਰਨ ਵਾਲੇ ਵਿਅਕਤੀ ਦਾ ਨਾਂ ਦਿੱਤਾ ਜਾਣਾ ਚਾਹੀਦਾ ਹੈ।

### ਕੀ ਮੇਰੇ ਲਈ ਵਿਕਟਿਮ ਇਮਪੈਕਟ ਸਟੇਟਮੈਂਟ ਭਰਨਾ ਜ਼ਰੂਰੀ ਹੈ?

ਨਹੀਂ। ਵਿਕਟਿਮ ਇਮਪੈਕਟ ਸਟੇਟਮੈਂਟ ਭਰਨਾ ਤੁਹਾਡੀ ਚੋਣ ਹੈ।

ਵਿਕਟਿਮ ਇਮਪੈਕਟ ਸਟੇਟਮੈਂਟ ਵਿਚ ਦਿੱਤੀ ਜਾਣ ਵਾਲੀ ਜਾਣਕਾਰੀ ਸਰਕਾਰੀ ਵਕੀਲ (ਕਰਾਊਨ ਕੌਂਸਲ) ਅਤੇ ਜੱਜ ਲਈ ਕੀਮਤੀ ਹੁੰਦੀ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੀ ਇਸ ਗੱਲ ਨੂੰ ਪੂਰੀ ਤਰ੍ਹਾਂ ਸਮਝਣ ਵਿਚ ਮਦਦ ਹੁੰਦੀ ਹੈ ਕਿ ਜੁਰਮ ਨੇ ਤੁਹਾਡੇ 'ਤੇ ਕਿਵੇਂ ਅਸਰ ਪਾਇਆ ਹੈ।

### ਮੈਂ ਵਿਕਟਿਮ ਇਮਪੈਕਟ ਸਟੇਟਮੈਂਟ ਕਿਵੇਂ ਭਰਨੀ ਹੈ?

ਵਿਕਟਿਮ ਇਮਪੈਕਟ ਸਟੇਟਮੈਂਟ ਤੁਹਾਡੇ ਵਲੋਂ ਆਪਣੇ ਸ਼ਬਦਾਂ ਵਿਚ ਲਿਖੀ ਜਾਣੀ ਚਾਹੀਦੀ ਹੈ। ਇਹ ਦੱਸੋ ਕਿ ਜੁਰਮ ਨੇ ਤੁਹਾਡੇ ਅਤੇ ਤੁਹਾਡੇ ਪਰਿਵਾਰ 'ਤੇ ਕਿਵੇਂ ਅਸਰ ਪਾਇਆ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਇਸ ਵਿਚ ਕਥਿਤ ਦੋਸ਼ੀ ਬਾਰੇ ਵਿਚਾਰ, ਜੁਰਮ ਦੇ ਤੱਥਾਂ ਦੇ ਵੇਰਵੇ (ਇਹ ਨਾ ਦੱਸੋ ਕਿ ਕੀ ਵਾਪਰਿਆ ਹੈ), ਜਾਂ ਅਦਾਲਤ ਦੀ ਮਨਜ਼ੂਰੀ ਦੇ ਬਿਨਾਂ, ਦਿੱਤੀ ਜਾਣੀ ਚਾਹੀਦੀ ਸਜ਼ਾ ਬਾਰੇ ਆਪਣੇ ਵਿਚਾਰ ਸ਼ਾਮਲ ਨਾ ਕਰੋ।

ਤੁਸੀਂ ਆਪਣੀ ਵਿਕਟਿਮ ਇਮਪੈਕਟ ਸਟੇਟਮੈਂਟ ਵਿਚ ਉਹ ਚਿੱਤਰ ਸ਼ਾਮਲ ਕਰ ਸਕਦੇ ਹੋ ਜਿਹੜਾ ਤੁਸੀਂ ਬਣਾਇਆ ਹੈ, ਜਾਂ ਕੋਈ ਕਵਿਤਾ ਜਾਂ ਚਿੱਠੀ ਸ਼ਾਮਲ ਕਰ ਸਕਦੇ ਹੋ ਜਿਹੜੀ ਤੁਸੀਂ ਲਿਖੀ ਹੈ, ਜੇ ਇਹ ਉਸ ਅਸਰ ਨੂੰ ਪ੍ਰਗਟ ਕਰਨ ਵਿਚ ਤੁਹਾਡੀ ਮਦਦ ਕਰਦੀ ਹੋਵੇ ਜਿਹੜਾ ਅਸਰ ਜੁਰਮ ਨੇ ਤੁਹਾਡੇ 'ਤੇ ਪਾਇਆ ਹੈ।

ਸਰਕਾਰੀ ਵਕੀਲ, ਵਿਕਟਿਮ ਇਮਪੈਕਟ ਸਟੇਟਮੈਂਟ 'ਤੇ ਵਿਚਾਰ ਕਰਨ ਲਈ ਜ਼ਿੰਮੇਵਾਰ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਇਸ ਵਿਚ ਕੋਈ ਅਢੁਕਵੇਂ ਵਿਚਾਰ ਸ਼ਾਮਲ ਨਹੀਂ ਹਨ।

ਜੇ ਤੁਹਾਨੂੰ ਆਪਣੀ ਸੇਫਟੀ, ਅਤੇ/ਜਾਂ ਆਪਣੇ ਪਰਿਵਾਰ ਜਾਂ ਦੋਸਤਾਂ ਦੀ ਸੇਫਟੀ ਬਾਰੇ ਕੋਈ ਫਿਕਰ ਹੋਵੇ ਅਤੇ ਤੁਸੀਂ ਕਥਿਤ ਦੋਸ਼ੀ ਨਾਲ ਕੋਈ ਸੰਪਰਕ ਨਾ ਚਾਹੁੰਦੇ ਹੋਵੋ ਤਾਂ ਤੁਹਾਨੂੰ ਇਸ ਫਿਕਰ ਬਾਰੇ ਆਪਣੀ ਵਿਕਟਿਮ ਇਮਪੈਕਟ ਸਟੇਟਮੈਂਟ ਵਿਚ ਦੱਸਣਾ ਚਾਹੀਦਾ ਹੈ। **ਜੇ ਤੁਹਾਨੂੰ ਕਥਿਤ ਦੋਸ਼ੀ ਦੇ ਸੰਬੰਧ ਵਿਚ ਸੇਫਟੀ ਦੇ ਫੌਰੀ ਫਿਕਰ ਹੋਣ ਅਤੇ/ਜਾਂ ਉਹ ਕੋਈ ਸੰਪਰਕ ਨਹੀਂ ਦੇ ਆਰਡਰਾਂ ਦੀ ਉਲੰਘਣਾ ਕਰਕੇ ਤੁਹਾਡੇ ਨਾਲ ਸੰਪਰਕ ਕਰ ਰਿਹਾ/ਰਹੀ ਹੋਵੇ ਤਾਂ ਤੁਹਾਨੂੰ ਇਸ ਬਾਰੇ ਫੌਰਨ ਪੁਲੀਸ ਨੂੰ ਦੱਸਣਾ ਚਾਹੀਦਾ ਹੈ।**

ਤੁਸੀਂ ਸਾਰੀ ਵਿਕਟਿਮ ਇਮਪੈਕਟ ਸਟੇਟਮੈਂਟ ਭਰ ਸਕਦੇ ਹੋ ਜਾਂ ਇਸ ਦੇ ਕੁਝ ਹਿੱਸੇ ਭਰ ਸਕਦੇ ਹੋ। ਤੁਹਾਨੂੰ ਕਿਸੇ ਵੀ ਉਸ ਸਵਾਲ ਦਾ ਜਵਾਬ ਦੇਣ ਦੀ ਲੋੜ ਨਹੀਂ ਹੈ ਜੋ ਤੁਹਾਡੇ 'ਤੇ ਲਾਗੂ ਨਹੀਂ ਹੁੰਦਾ ਜਾਂ ਜੇ ਤੁਸੀਂ ਅਜਿਹਾ ਕਰਨਾ ਨਹੀਂ ਚਾਹੁੰਦੇ। ਜੇ ਤੁਹਾਨੂੰ ਹੋਰ ਥਾਂ ਦੀ ਲੋੜ ਹੋਵੇ ਤਾਂ ਤੁਸੀਂ ਵਾਧੂ ਸਫੇ ਨਾਲ ਲਗਾ ਸਕਦੇ ਹੋ।

## ਕੀ ਮੈਂ ਆਪਣੀ ਵਿਕਟਿਮ ਇਮਪੈਕਟ ਸਟੇਟਮੈਂਟ ਨੂੰ ਅਪਡੇਟ ਕਰ ਸਕਦਾ/ਸਕਦੀ ਹਾਂ?

ਹਾਂ, ਤੁਸੀਂ ਕਰ ਸਕਦੇ ਹੋ। ਆਪਣੇ 'ਤੇ ਜੁਰਮ ਦੇ ਅਸਰ ਬਾਰੇ ਹੋਰ ਜਾਣਕਾਰੀ ਦੇਣ ਲਈ ਅਤੇ ਇਸ ਨੂੰ ਸਰਕਾਰੀ ਵਕੀਲ ਨੂੰ ਦੇਣ ਲਈ ਤੁਹਾਨੂੰ ਇਕ ਹੋਰ ਵਿਕਟਿਮ ਇਮਪੈਕਟ ਸਟੇਟਮੈਂਟ ਫਾਰਮ ਭਰਨ ਦੀ ਲੋੜ ਪਵੇਗੀ, ਜੋ ਕਿ ਕਥਿਤ ਦੋਸ਼ੀ ਅਤੇ ਬਚਾਅ ਪੱਖ ਦੇ ਵਕੀਲ ਨੂੰ ਵੀ ਦਿੱਤਾ ਜਾਵੇਗਾ।

## ਕੀ ਵਿਕਟਿਮ ਇਮਪੈਕਟ ਸਟੇਟਮੈਂਟ ਵਿਚ ਕੋਈ ਮੇਰੀ ਮਦਦ ਕਰ ਸਕਦਾ ਹੈ?

ਹਾਂ। ਕੋਈ ਵਿਕਟਿਮ ਸਰਵਿਸ ਵਰਕਰ, ਦੋਸਤ ਜਾਂ ਪਰਿਵਾਰ ਦਾ ਮੈਂਬਰ ਤੁਹਾਡੀ ਮਦਦ ਕਰ ਸਕਦਾ ਹੈ, ਜੇ ਤੁਹਾਨੂੰ ਇਹ ਦੱਸਣ ਵਿਚ ਮੁਸ਼ਕਲ ਆ ਰਹੀ ਹੋਵੇ ਕਿ ਜੁਰਮ ਨੇ ਤੁਹਾਡੇ 'ਤੇ ਕਿਵੇਂ ਅਸਰ ਪਾਇਆ ਹੈ।

ਜੇ ਅਦਾਲਤ ਦੀ ਅਗਲੀ ਤਾਰੀਕ ਤੋਂ ਪਹਿਲਾਂ ਸਟੇਟਮੈਂਟ ਦੇ ਸਰਕਾਰੀ ਵਕੀਲ ਕੋਲ ਪਹੁੰਚਣ ਬਾਰੇ ਤੁਹਾਡੇ ਮਨ ਵਿਚ ਕੋਈ ਫਿਕਰ ਹੋਵੇ ਤਾਂ ਕਿਰਪਾ ਕਰਕੇ ਆਪਣੇ ਲੋਕਲ ਕਰਾਊਨ ਕੌਂਸਲ ਦੇ ਦਫਤਰ ਨੂੰ ਫੋਨ ਕਰੋ। ਆਪਣੇ ਲੋਕਲ ਕਰਾਊਨ ਕੌਂਸਲ ਦਾ ਦਫਤਰ ਲੱਭਣ ਲਈ ਸਰਵਿਸ ਬੀ ਸੀ ਨਾਲ 1-800-663-7867 'ਤੇ ਜਾਂ http://dir.gov.bc.ca/ 'ਤੇ ਬੀ ਸੀ ਸਰਕਾਰ ਦੀ ਡਾਇਰੈਕਟਰੀ ਤੱਕ ਪਹੁੰਚ ਕਰਦੇ ਹੋਏ ਸੰਪਰਕ ਕਰੋ।

## ਕੀ ਮੈਂ ਆਪਣੇ ਆਰਥਿਕ ਘਾਟੇ ਬਾਰੇ ਜਾਣਕਾਰੀ ਸ਼ਾਮਲ ਕਰ ਸਕਦਾ/ਸਕਦੀ ਹਾਂ?

ਹਾਂ, ਤੁਸੀਂ ਇਸ ਚੀਜ਼ ਬਾਰੇ ਜਾਣਕਾਰੀ ਸ਼ਾਮਲ ਕਰ ਸਕਦੇ ਹੋ ਕਿ ਜੁਰਮ ਨੇ ਤੁਹਾਡੇ 'ਤੇ ਮਾਇਕ ਤੌਰ 'ਤੇ ਕਿਵੇਂ ਅਸਰ ਪਾਇਆ ਹੈ। ਆਰਥਿਕ ਘਾਟੇ ਬਾਰੇ ਜਾਣਕਾਰੀ ਦੋ ਮੰਤਵ ਹੱਲ ਕਰਦੀ ਹੈ। ਬਹੁਤ ਸਾਰੇ ਜੁਰਮਾਂ ਲਈ, ਆਰਥਿਕ ਘਾਟੇ ਦੀ ਰਕਮ ਜੁਰਮ ਦੀ ਗੰਭੀਰਤਾ ਦਾ ਅਕਸ ਦਿਖਾਉਂਦੀ ਹੈ ਅਤੇ ਜੇ ਕਥਿਤ ਦੋਸ਼ੀ ਕਸੂਰਵਾਰ ਠਹਿਰਾਇਆ ਜਾਂਦਾ ਹੈ ਤਾਂ ਇਹ ਢੁਕਵੀਂ ਸਜ਼ਾ ਦਾ ਫੈਸਲਾ ਕਰਨ ਵਿਚ ਜੱਜ ਦੀ ਮਦਦ ਕਰ ਸਕਦੀ ਹੈ। ਇਸ ਦੇ ਨਾਲ ਹੀ, ਆਰਥਿਕ ਘਾਟੇ ਬਾਰੇ ਜਾਣਕਾਰੀ, ਕੇਸ ਦੀਆਂ ਹਾਲਤਾਂ ਅਤੇ ਕਿਸਮ ਮੁਤਾਬਕ, ਅਜਿਹਾ ਆਰਡਰ ਕਰਨ ਲਈ ਜੱਜ ਵਲੋਂ ਵਰਤੀ ਜਾ **ਸਕਦੀ** ਹੈ ਕਿ ਕਥਿਤ ਦੋਸ਼ੀ ਪੀੜਤ ਦੇ ਇਹ ਘਾਟੇ ਪੂਰੇ ਕਰੇ। ਕ੍ਰਿਮੀਨਲ ਕੇਸ ਵਿਚ ਜੱਜ ਅਜਿਹੇ ਆਰਡਰ ਕਰਨ ਵਿਚ ਸਿਵਲ ਲਾਅ ਦੇ ਮੁਕੱਦਮੇ ਦੇ ਜੱਜ ਨਾਲੋਂ ਜ਼ਿਆਦਾ ਸੀਮਤ ਹੁੰਦਾ ਹੈ ਪਰ ਪ੍ਰੋਬੇਸ਼ਨ ਜਾਂ ਕੰਡੀਸ਼ਨਲ ਸੈਨਟੈਂਸ (ਸ਼ਰਤਾਂ ਵਾਲੀ ਸਜ਼ਾ) ਦੇ ਆਰਡਰ ਦੀ ਇਕ ਸ਼ਰਤ ਵਜੋਂ ਹਰਜਾਨੇ ਜਾਂ ਮੁਆਵਜ਼ੇ ਦਾ ਆਰਡਰ ਕਰ ਸਕਦਾ ਹੈ ਜਿਵੇਂ ਕਿ:

- ਉਸ ਸੰਪਤੀ ਦੀ ਕੀਮਤ ਜਿਹੜੀ ਗੁਆਚੀ, ਨੁਕਸਾਨੀ ਗਈ ਜਾਂ ਤਬਾਹ ਹੋਈ ਸੀ ਅਤੇ ਮੁਰੰਮਤ ਕਰਨ ਜਾਂ ਬਦਲਣ ਦਾ ਖਰਚਾ;
- ਕੰਮ ਤੋਂ ਖੁੰਝੇ ਸਮੇਂ ਕਾਰਨ ਮਾਇਕ ਘਾਟਾ (ਉਦਾਹਰਣ, ਆਮਦਨ ਦਾ ਨੁਕਸਾਨ);
- ਮੈਡੀਕਲ, ਕੌਂਸਲਿੰਗ ਜਾਂ ਇਲਾਜ ਦੇ ਉਹ ਖਰਚੇ ਜਿਹੜੇ ਇਨਸ਼ੋਰੈਂਸ ਵਲੋਂ ਕਵਰ ਨਹੀਂ ਕੀਤੇ ਗਏ;
- ਇਨਸ਼ੋਰੈਂਸ ਵਲੋਂ ਕਵਰ ਨਹੀਂ ਕੀਤੇ ਗਏ ਕੋਈ ਵੀ ਖਰਚੇ ਜਾਂ ਨੁਕਸਾਨ, ਸਮੇਤ ਇਨਸ਼ੋਰੈਂਸ ਦੀਆਂ ਕਟੌਤੀਆਂ ਦੀ ਰਕਮ ਦੇ;
- ਮੂਵ ਹੋਣ ਦੇ ਖਰਚੇ, ਜਿਵੇਂ ਕਿ ਆਰਜ਼ੀ ਰਿਹਾਇਸ਼, ਖਾਣੇ, ਬੱਚਿਆਂ ਦੀ ਸੰਭਾਲ ਅਤੇ ਟ੍ਰਾਂਸਪੋਰਟੇਸ਼ਨ, ਜੇ ਪੀੜਤ ਅਤੇ ਕਥਿਤ ਦੋਸ਼ੀ ਇੱਕੋ ਘਰ ਵਿਚ ਰਹਿੰਦੇ ਸਨ ਅਤੇ ਜੁਰਮ ਕਰਕੇ ਪੀੜਤ ਨੂੰ ਉਹ ਘਰ ਛੱਡਣਾ ਪਿਆ ਹੋਵੇ; ਅਤੇ
- ਫਰਾਡ ਜਾਂ ਚੋਰੀ ਕਾਰਨ ਗੁਆਚੇ ਪੈਸਿਆਂ ਦੀ ਰਕਮ।

## ਸਟੇਟਮੈਂਟ ਔਨ ਰੈਸਟੀਚਿਊਸ਼ਨ (ਹਰਜਾਨੇ ਦਾ ਬਿਆਨ) ਕੀ ਹੈ?

ਸਟੇਟਮੈਂਟ ਔਨ ਰੈਸਟੀਚਿਊਸ਼ਨ (ਫਾਰਮ 34.1) ਉਹ ਫਾਰਮ ਹੈ ਜਿਹੜਾ ਤੁਹਾਨੂੰ ਇਹ ਦੱਸਣ ਲਈ ਭਰਨ ਦੀ ਲੋੜ ਪਵੇਗੀ ਕਿ ਤੁਸੀਂ ਹਰਜਾਨੇ ਦੀ ਮੰਗ ਕਰ ਰਹੇ ਹੋ ਅਤੇ ਇਹ ਤੁਹਾਡੇ ਘਾਟੇ ਅਤੇ ਨੁਕਸਾਨ ਤਹਿ ਕਰਦਾ ਹੈ। ਸਜ਼ਾ ਦੇ ਹਿੱਸੇ ਵਜੋਂ, ਜੱਜ ਹਰਜਾਨੇ ਦਾ ਆਰਡਰ ਕਰਨ ਬਾਰੇ ਵਿਚਾਰ ਕਰ ਸਕਦਾ ਹੈ, ਜਿਹੜਾ ਇਹ ਮੰਗ ਕਰਦਾ ਹੈ ਕਿ ਦੋਸ਼ੀ ਪੀੜਤ ਨੂੰ ਹਰਜਾਨਾ ਦੇਵੇ ਅਤੇ ਜੇ ਹਰਜਾਨਾ ਨਹੀਂ ਦਿੱਤਾ ਜਾਂਦਾ ਤਾਂ ਪੀੜਤ ਨੂੰ ਇਹ ਆਗਿਆ ਦਿੰਦਾ ਹੈ ਕਿ ਉਹ ਆਰਡਰ ਨੂੰ ਸਿਵਲ ਕੋਰਟ ਵਿਚ ਦਰਜ ਅਤੇ ਲਾਗੂ ਕਰਵਾਏ। ਵਿਕਟਿਮ ਇਮਪੈਕਟ ਸਟੇਟਮੈਂਟ ਵਿਚ ਸ਼ਾਮਲ ਕੀਤੀ ਗਈ ਜਾਣਕਾਰੀ ਹਰਜਾਨੇ ਦੇ ਆਰਡਰ ਲਈ ਅਰਜ਼ੀ ਨਹੀਂ ਹੈ। ਹਰਜਾਨੇ ਦੇ ਆਰਡਰ ਲਈ ਅਰਜ਼ੀ ਕਰਨ ਲਈ ਤੁਹਾਨੂੰ ਇਕ ਵੱਖਰਾ ਸਟੇਟਮੈਂਟ ਔਨ ਰੈਸਟੀਚਿਊਸ਼ਨ (ਫਾਰਮ 34.1) ਭਰਨਾ ਚਾਹੀਦਾ ਹੈ। ਇਹ ਫਾਰਮ ਮਨਿਸਟਰੀ ਔਫ ਜਸਟਿਸ ਦੇ ਇੰਟਰਨੈੱਟ (http://www.ag.gov.bc.ca/prosecution-service/info-sheets/victim_impact_statements.htm) ’ਤੇ ਉਪਲਬਧ ਹੈ ਅਤੇ ਕਈ ਜ਼ਬਾਨਾਂ ਵਿਚ ਮਿਲਦਾ ਹੈ।

## ਕੀ ਮੈਨੂੰ ਉਨ੍ਹਾਂ ਮਾਇਕ ਅਸਰਾਂ ਲਈ ਮੁਆਵਜ਼ਾ ਮਿਲੇਗਾ ਜਿਹੜੇ ਮੈਂ ਆਪਣੀ ਵਿਕਟਿਮ ਇਮਪੈਕਟ ਸਟੇਟਮੈਂਟ ਵਿਚ ਦੱਸੇ ਹਨ ਅਤੇ ਜਿਨ੍ਹਾਂ ਬਾਰੇ ਮੈਂ ਆਪਣੀ ਸਟੇਟਮੈਂਟ ਔਨ ਰੈਸਟੀਚਿਊਸ਼ਨ ਵਿਚ ਅਰਜ਼ੀ ਦਿੱਤੀ ਹੈ?

ਜੁਰਮ ਦੇ ਮਾਇਕ ਅਸਰ ਬਾਰੇ ਜਾਣਕਾਰੀ ਦੇਣਾ ਇਹ ਆਰਡਰ ਕਰਵਾ **ਸਕਦਾ** ਹੈ ਕਿ ਕਥਿਤ ਦੋਸ਼ੀ ਪ੍ਰੋਬੇਸ਼ਨ ਜਾਂ ਕੰਡੀਸ਼ਨਲ ਸੈਨਟੈਂਸ (ਸ਼ਰਤਾਂ ਵਾਲੀ ਸਜ਼ਾ) ਦੇ ਆਰਡਰ ਦੀ ਇਕ ਸ਼ਰਤ ਵਜੋਂ ਜਾਂ ਹਰਜਾਨੇ ਦੇ ਆਰਡਰ ਵਿਚ ਦੱਸੇ ਗਏ ਘਾਟਿਆਂ ਜਾਂ ਨੁਕਸਾਨਾਂ ਦਾ ਖਰਚਾ ਤੁਹਾਨੂੰ ਦੇਵੇ, ਪਰ ਅਜਿਹੇ ਆਰਡਰ ਆਪਣੇ ਆਪ ਨਹੀਂ ਹੋ ਜਾਂਦੇ। ਜ਼ਰੂਰੀ ਹੈ ਕਿ ਤੁਹਾਡੇ ਘਾਟਿਆਂ ਜਾਂ ਨੁਕਸਾਨਾਂ ਦੀ ਰਕਮ ਦਾ ਅਦਾਲਤ ਵਲੋਂ ਸੌਖਿਆਂ ਫੈਸਲਾ ਕੀਤਾ ਜਾ ਸਕਦੇ ਹੋਵੇ ਅਤੇ ਤੁਸੀਂ ਅਦਾਲਤ ਨੂੰ ਆਪਣੇ ਕਲੇਮ ਦੇ ਹੱਕ ਵਿਚ ਸਾਰੇ ਲੋੜੀਂਦੇ ਦਸਤਾਵੇਜ਼ ਦੇਣ ਲਈ ਜ਼ਿੰਮੇਵਾਰ ਹੋ, ਜਿਸ ਵਿਚ ਬਿੱਲ, ਰਸੀਦਾਂ ਅਤੇ ਐਸਟੀਮੇਟ ਸ਼ਾਮਲ ਹਨ। ਜੇ ਇਨ੍ਹਾਂ ਵਿੱਚੋਂ ਕਿਸੇ ਵੀ ਦਸਤਾਵੇਜ਼ ਵਿਚ ਕੋਈ ਨਿੱਜੀ ਜਾਣਕਾਰੀ ਹੋਵੇ ਜਿਹੜੀ ਤੁਸੀਂ ਨਹੀਂ ਚਾਹੁੰਦੇ ਕਿ ਹੋਰਨਾਂ ਨੂੰ ਪਤਾ ਲੱਗੇ, ਜਿਵੇਂ ਕਿ ਤੁਹਾਡਾ ਐਡਰੈਸ ਜਾਂ ਕਰੈਡਿਟ ਕਾਰਡ ਨੰਬਰ ਤਾਂ ਦਸਤਾਵੇਜ਼ ਨਾਲ ਲਗਾਉਣ ਤੋਂ ਪਹਿਲਾਂ ਤੁਹਾਨੂੰ ਉਹ ਜਾਣਕਾਰੀ ਮਿਟਾ ਦੇਣੀ ਚਾਹੀਦੀ ਹੈ। ਜੇ ਕਥਿਤ ਦੋਸ਼ੀ ਆਰਡਰ ਦੇ ਪੈਸੇ ਨਾ ਦੇਵੇ ਤਾਂ ਤੁਹਾਡੇ ਵਲੋਂ ਜਾਂ ਪ੍ਰੋਬੇਸ਼ਨ ਅਫਸਰ ਵਲੋਂ ਅਗਾਂਹ ਹੋਰ ਅਦਾਲਤੀ ਕਾਰਵਾਈ ਕਰਨ ਦੀ ਲੋੜ ਹੋ ਸਕਦੀ ਹੈ ਜੋ ਕਿ ਆਰਡਰ ਦੀ ਕਿਸਮ ’ਤੇ ਨਿਰਭਰ ਕਰਦਾ ਹੈ।

ਜੱਜ ਕਥਿਤ ਦੋਸ਼ੀ ਨੂੰ ਤੁਹਾਨੂੰ ਹਰਜਾਨਾ ਦੇਣ ਦਾ ਆਰਡਰ ਕਰਦਾ ਹੈ ਜਾਂ ਨਹੀਂ, ਇਹ ਸਿਵਲ ਮੁਕੱਦਮੇ ਰਾਹੀਂ ਮੁਆਵਜ਼ਾ ਲੈਣ ਦੇ ਤੁਹਾਡੇ ਹੱਕ ’ਤੇ ਅਸਰ ਨਹੀਂ ਪਾਉਂਦਾ ਜਾਂ ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ (ਜੁਰਮ ਦੇ ਪੀੜਤਾਂ ਲਈ ਸਹਾਇਤਾ ਦਾ ਪ੍ਰੋਗਰਾਮ) ਲਈ ਅਪਲਾਈ ਕਰਨ ਤੋਂ ਨਹੀਂ ਰੋਕਦਾ।

ਸਿਵਲ ਮੁਕੱਦਮਾ ਸ਼ੁਰੂ ਕਰਨ ਬਾਰੇ ਅਤੇ ਹਰਜਾਨੇ ਦੇ ਆਰਡਰਾਂ ਨੂੰ ਲਾਗੂ ਕਰਵਾਉਣ ਬਾਰੇ ਜਾਣਕਾਰੀ ਕੋਰਟ ਰਜਿਸਟਰੀ ਤੋਂ ਲਈ ਜਾ ਸਕਦੀ ਹੈ। ਤੁਸੀਂ ਕਿਸੇ ਵਕੀਲ ਨਾਲ ਸਲਾਹ ਵੀ ਕਰਨਾ ਚਾਹੁੰਦੇ ਹੋ ਸਕਦੇ ਹੋ। ਤੁਸੀਂ ਮਨਿਸਟਰੀ ਔਫ ਜਸਟਿਸ ਰੈਸਟੀਚਿਊਸ਼ਨ ਪ੍ਰੋਗਰਾਮ ਨਾਲ 1-844-660-4898 ’ਤੇ ਮੁਫਤ ਸੰਪਰਕ ਕਰ ਸਕਦੇ ਹੋ ਜਾਂ Restitution@gov.bc.ca ’ਤੇ ਈਮੇਲ ਕਰ ਸਕਦੇ ਹੋ।

ਜੇ ਖਾਸ ਜੁਰਮਾਂ ਦੇ ਨਤੀਜੇ ਵਜੋਂ ਤੁਸੀਂ (ਸਰੀਰਕ ਤੌਰ ’ਤੇ ਜਾਂ ਜਜ਼ਬਾਤੀ ਤੌਰ ’ਤੇ) ਜ਼ਖਮੀ ਹੋਏ ਹੋ ਤਾਂ ਪੀੜ ਦੇ ਨਤੀਜੇ ਕਾਰਨ ਹੋਏ ਖਰਚਿਆਂ ਵਿਚ ਮਦਦ ਲਈ ਤੁਸੀਂ ਕਰਾਇਮ ਵਿਕਟਿਮ ਅਸਿਸਟੈਂਸ ਐਕਟ ਅਧੀਨ ਵੀ ਹੱਕਦਾਰ ਹੋ ਸਕਦੇ ਹੋ।

ਕੋਈ ਵੀ ਵਿਕਟਿਮ ਸਰਵਿਸ ਵਰਕਰ, ਤੁਹਾਨੂੰ ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ ਲਈ ਹੱਕਦਾਰੀ ਬਾਰੇ ਜਾਣਕਾਰੀ ਦੇਣ ਦੇ ਯੋਗ ਹੋਵੇਗਾ ਜਾਂ ਤੁਸੀਂ ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ ਨੂੰ 1-866-660-3888 ’ਤੇ ਫੋਨ ਕਰ ਸਕਦੇ ਹੋ।

## ਮੇਰੀ ਵਿਕਟਿਮ ਇਮਪੈਕਟ ਸਟੇਟਮੈਂਟ ਕਿਵੇਂ ਵਰਤੀ ਜਾਵੇਗੀ?

ਤੁਹਾਡੀ ਭਰੀ ਹੋਈ ਵਿਕਟਿਮ ਇਮਪੈਕਟ ਸਟੇਟਮੈਂਟ ਸਜ਼ਾ ਦੇ ਸਮੇਂ ਵੇਲੇ ਜੱਜ ਨੂੰ ਦਿੱਤੀ ਜਾਵੇਗੀ ਜਾਂ ਤੁਹਾਡੇ ਵਲੋਂ ਦਿੱਤੀ ਗਈ ਜਾਣਕਾਰੀ ਦੀ ਵਰਤੋਂ ਸਰਕਾਰੀ ਵਕੀਲ ਜੱਜ ਨੂੰ ਇਹ ਦੱਸਣ ਲਈ ਕਰ ਸਕਦਾ ਹੈ ਕਿ ਜੁਰਮ ਨੇ ਤੁਹਾਡੇ ’ਤੇ ਕਿਵੇਂ ਅਸਰ ਪਾਇਆ ਹੈ। ਤੁਸੀਂ ਸਜ਼ਾ ਦੀ ਸੁਣਵਾਈ ਵੇਲੇ ਹਾਜ਼ਰ ਹੋ ਸਕਦੇ ਹੋ ਅਤੇ ਆਪਣੀ ਵਿਕਟਿਮ ਇਮਪੈਕਟ ਸਟੇਟਮੈਂਟ ਸੁਣਵਾਈ ਵਿਚ ਆਪ ਪੇਸ਼ ਕਰਨ ਲਈ ਬੇਨਤੀ ਕਰ ਸਕਦੇ ਹੋ। ਜੇ ਤੁਸੀਂ ਇਹ

# ਵਿਕਟਿਮ ਇਮਪੈਕਟ ਸਟੇਟਮੈਂਟ ਅਤੇ ਸਟੇਟਮੈਂਟ ਔਨ ਰੈਸਟੀਚਿਊਸ਼ਨ:
## ਜਾਣਕਾਰੀ ਦੇਣ ਲਈ ਗਾਈਡ

ਬੇਨਤੀ ਕਰਨਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਜਿੰਨਾ ਵੀ ਛੇਤੀ ਸੰਭਵ ਹੋਵੇ ਆਪਣੇ ਵਿਕਟਿਮ ਸਰਵਿਸ ਵਰਕਰ ਜਾਂ ਸਰਕਾਰੀ ਵਕੀਲ ਨੂੰ ਦੱਸੋ, ਅਤੇ ਜੇ ਅਜਿਹਾ ਹੈ ਤਾਂ ਇਹ ਦੱਸੋ ਕਿ ਕੀ ਤੁਸੀਂ ਆਪਣਾ ਬਿਆਨ ਆਪ ਪੜ੍ਹਨਾ ਚਾਹੋਗੇ ਜਾਂ ਇਸ ਨੂੰ ਤੁਹਾਡੇ ਲਈ ਸਰਕਾਰੀ ਵਕੀਲ ਪੜ੍ਹੇ।

ਜੇ ਤੁਸੀਂ ਆਪ ਪੜ੍ਹ ਕੇ ਆਪਣੀ ਵਿਕਟਿਮ ਇਮਪੈਕਟ ਸਟੇਟਮੈਂਟ ਪੇਸ਼ ਕਰਨਾ ਚਾਹੁੰਦੇ ਹੋਵੋ ਤਾਂ ਤੁਸੀਂ ਇਹ ਮਦਦ ਕਰਨ ਵਾਲੇ ਕਿਸੇ ਵਿਅਕਤੀ ਦੀ ਹਾਜ਼ਰੀ ਵਿਚ ਪੜ੍ਹਨ ਲਈ ਕਹਿ ਸਕਦੇ ਹੋ, ਜਾਂ ਇਸ ਤਰੀਕੇ ਨਾਲ ਪੜ੍ਹਨ ਲਈ ਕਹਿ ਸਕਦੇ ਹੋ ਜਿਸ ਨਾਲ ਤੁਸੀਂ ਦੋਸ਼ੀ ਨੂੰ ਨਾ ਦੇਖ ਸਕੋ, ਜਿਵੇਂ ਕਿ ਕਲੋਜ਼ਡ ਸਰਕਟ ਟੀ ਵੀ ਰਾਹੀਂ ਅਦਾਲਤ ਤੋਂ ਬਾਹਰ ਜਾਂ ਪਰਦੇ ਦੇ ਪਿੱਛੇ। ਜੇ ਤੁਸੀਂ ਇਨ੍ਹਾਂ ਵਿੱਚੋਂ ਕਿਸੇ ਪ੍ਰਬੰਧ ਦੀ ਵਰਤੋਂ ਕਰਦੇ ਹੋਏ ਆਪਣਾ ਬਿਆਨ ਪੜ੍ਹਨਾ ਚਾਹੁੰਦੇ ਹੋਵੋ ਤਾਂ ਤੁਹਾਨੂੰ ਇਨ੍ਹਾਂ ਚੋਣਾਂ ਬਾਰੇ ਵਿਚਾਰ ਕਰਨ ਲਈ ਸਜ਼ਾ ਦੀ ਤਾਰੀਕ ਤੋਂ ਪਹਿਲਾਂ ਜਿੰਨਾ ਵੀ ਛੇਤੀ ਸੰਭਵ ਹੋਵੇ ਸਰਕਾਰੀ ਵਕੀਲ ਨੂੰ ਦੱਸਣਾ ਚਾਹੀਦਾ ਹੈ। ਮਦਦਾਂ ਬਾਰੇ ਕਿਰਪਾ ਕਰਕੇ ਆਪਣੇ ਵਿਕਟਿਮ ਸਰਵਿਸਿਜ਼ ਵਰਕਰ ਨਾਲ ਗੱਲ ਕਰੋ, ਸਮੇਤ ਸਫਰ ਵਿਚ ਮਦਦ ਦੇ ਜਿਹੜੀ ਕਿ ਸਜ਼ਾ ਦੀ ਸੁਣਵਾਈ ਵਿਚ ਸ਼ਾਮਲ ਹੋਣ ਵਿਚ ਮਦਦ ਲਈ ਉਪਲਬਧ ਹੋ ਸਕਦੀ ਹੈ।

ਵਿਕਟਿਮ ਇਮਪੈਕਟ ਸਟੇਟਮੈਂਟ ਦੇਣ ਦੌਰਾਨ, ਤੁਸੀਂ ਆਪਣੇ ਨਾਲ ਜੁਰਮ ਤੋਂ ਪਹਿਲਾਂ ਲਈ ਗਈ ਆਪਣੀ ਫੋਟੋ ਵੀ ਲਿਆ ਸਕਦੇ ਹੋ, ਜੇ ਇਸ ਨਾਲ ਤੁਹਾਡੀ ਕੁਝ ਮਦਦ ਹੁੰਦੀ ਹੋਵੇ, ਅਤੇ, ਜੇ ਜੱਜ ਦੀ ਰਾਇ ਵਿਚ ਇਹ ਕਾਰਵਾਈ ਵਿਚ ਵਿਘਨ ਨਹੀਂ ਪਾਵੇਗੀ। ਜੇ ਵਿਕਟਿਮ ਇਮਪੈਕਟ ਸਟੇਟਮੈਂਟ ਪੀੜਤ ਦੀ ਬਜਾਏ ਕਿਸੇ ਹੋਰ ਵਿਅਕਤੀ ਵਲੋਂ ਦਿੱਤੀ ਜਾ ਰਹੀ ਹੈ (ਜੇ ਮਾਮਲਾ ਮੌਤ ਦਾ ਹੋਵੇ) ਤਾਂ ਉਹ ਵਿਅਕਤੀ ਜੁਰਮ ਤੋਂ ਪਹਿਲਾਂ ਲਈ ਗਈ ਪੀੜਤ ਦੀ ਫੋਟੋ ਲਿਆ ਸਕਦਾ ਹੈ, ਪਰ ਇਕ ਵਾਰ ਫਿਰ ਜੇ ਜੱਜ ਦੀ ਰਾਇ ਵਿਚ ਇਹ ਕਾਰਵਾਈ ਵਿਚ ਵਿਘਨ ਨਹੀਂ ਪਾਵੇਗੀ।

**ਸਰਕਾਰੀ ਵਕੀਲ ਲਈ ਤੁਹਾਡੇ ਬਿਆਨ ਦੀ ਇਕ ਕਾਪੀ ਬਚਾਅ ਪੱਖ ਦੀ ਵਕੀਲ ਜਾਂ ਕਥਿਤ ਦੋਸ਼ੀ ਨੂੰ ਦੇਣਾ ਜ਼ਰੂਰੀ ਹੈ।**

ਬਚਾਅ ਪੱਖ ਦਾ ਵਕੀਲ ਜਾਂ ਕਥਿਤ ਦੋਸ਼ੀ ਮੁਕੱਦਮੇ ਤੋਂ ਪਹਿਲਾਂ ਤੁਹਾਡੀ ਵਿਕਟਿਮ ਇਮਪੈਕਟ ਸਟੇਟਮੈਂਟ ਦੇਖ ਸਕਦਾ ਹੈ, ਅਤੇ ਇਸ ਵਿਚਲੀ ਸਾਮੱਗਰੀ ਬਾਰੇ ਤੁਹਾਡੇ ਨਾਲ ਜਿਰ੍ਹਾ ਕੀਤੀ ਜਾ ਸਕਦੀ ਹੈ।

ਜੇ ਤੁਹਾਡਾ ਬਿਆਨ ਅਦਾਲਤ ਵਿਚ ਦਰਜ ਕਰਵਾਇਆ ਜਾਂਦਾ ਹੈ ਤਾਂ ਇਹ ਬਾਅਦ ਵਿਚ ਫੈਡਰਲ ਪੈਰੋਲ ਜਾਂ ਸੂਬਾਈ ਪ੍ਰੋਬੇਸ਼ਨ ਅਫਸਰ ਵਲੋਂ ਜਾਂ ਕੈਨੇਡਾ ਦੇ ਪੈਰੋਲ ਬੋਰਡ ਵਲੋਂ ਦੋਸ਼ੀ ਦੀ ਰਿਹਾਈ ਦੀਆਂ ਸ਼ਰਤਾਂ ਦਾ ਫੈਸਲਾ ਕਰਨ ਵਿਚ ਮਦਦ ਲਈ ਵਰਤਿਆ ਜਾ ਸਕਦਾ ਹੈ।

### ਮੈਨੂੰ ਆਪਣੀ ਵਿਕਟਿਮ ਇਮਪੈਕਟ ਸਟੇਟਮੈਂਟ ਕਦੋਂ ਅਤੇ ਕਿੱਥੇ ਦੇਣੀ ਚਾਹੀਦੀ ਹੈ?

ਆਪਣੀ ਵਿਕਟਿਮ ਇਮਪੈਕਟ ਸਟੇਟਮੈਂਟ ਅਤੇ/ਜਾਂ ਆਪਣੀ ਸਟੇਟਮੈਂਟ ਔਨ ਰੈਸਟੀਚਿਊਸ਼ਨ ਖਤਮ ਕਰਨ ਤੋਂ ਬਾਅਦ, ਇਸ 'ਤੇ ਦਸਖਤ ਕਰੋ ਅਤੇ ਇਸ ਨੂੰ ਕਵਰ ਪੇਜ ਦੇ ਨਾਲ ਲਗਾਉ, ਇਸ 'ਤੇ ਤਾਰੀਕ ਲਿਖੋ ਅਤੇ ਡਾਕ ਵਿਚ ਪਾਉ ਜਾਂ ਫੈਕਸ ਕਰੋ ਜਾਂ ਸਾਰੇ ਸਫੇ ਆਪਣੇ ਸਥਾਨਕ ਕਰਾਊਨ ਕੌਂਸਲ ਦੇ ਦਫਤਰ ਨੂੰ ਲਿਆਉ। ਆਪਣੀ ਵਿਕਟਿਮ ਇਮਪੈਕਟ ਸਟੇਟਮੈਂਟ ਸਰਕਾਰੀ ਵਕੀਲ ਨੂੰ ਛੇਤੀ ਤੋਂ ਛੇਤੀ ਦੇਣਾ ਮਹੱਤਵਪੂਰਨ ਹੈ ਤਾਂ ਜੋ ਕਥਿਤ ਦੋਸ਼ੀ ਨੂੰ ਸਜ਼ਾ ਦੇਣ ਵੇਲੇ ਇਹ ਉਨ੍ਹਾਂ ਕੋਲ ਹੋਵੇ।

### ਪੀੜਤ ਲਈ ਸੇਵਾਵਾਂ

ਜੇ ਤੁਸੀਂ ਪੀੜਤਾਂ ਲਈ ਮੌਜੂਦ ਸੇਵਾਵਾਂ (ਵਿਕਟਿਮ ਸਰਵਿਸਜ਼) ਬਾਰੇ ਜਾਣਕਾਰੀ ਲੈਣਾ ਚਾਹੁੰਦੇ ਹੋਵੋ ਤਾਂ ਕਿਰਪਾ ਕਰਕੇ ਸੰਪਰਕ ਕਰੋ:

**ਵਿਕਟਿਮਲਿੰਕ ਬੀ ਸੀ**

ਮੁਫਤ ਫੋਨ ਕਰੋ: 1-800-563-0808 'ਤੇ

ਟੀ ਟੀ ਵਾਈ ਫੋਨ: 604-875-0885 'ਤੇ

ਕੋਲੈਕਟ ਕਾਲ ਕਰੋ: 711 'ਤੇ ਟੈੱਲਅਸ ਰੀਲੇਅ ਸਰਵਿਸ ਵਰਤੋ

ਟੈਕਸਟ: 604-836-6381

ਈਮੇਲ: VictimLinkBC@bc211.ca

www.victimlinkbc.ca